ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-1 ਸਾਖਾ)

ਵਿਸਾ:- ਮੰਤਰੀ ਪ੍ਰੀਸਦ ਦੀ ਮਿਤੀ 3 ਦਸੰਬਰ, 2011 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਬਾਰੇ।

****

ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਕ੍ਰਿਪਾ ਕਰਕੇ ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਕੈਬਨਿਟ ਸਬ-ਕਮੇਟੀ ਵੱਲੋਂ ਮਿਤੀ 26.11.2011 ਨੂੰ ਸਾਮ ਦੇ 4:00 ਵਜੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸਾਂ ਨੂੰ ਵਿਚਾਰਨ ਉਪਰੰਤ ਮੰਤਰੀ ਪ੍ਰੀਸਦ ਵੱਲੋਂ ਮਿਤੀ 3.12.2011 ਨੂੰ ਹੋਈ ਮੀਟਿੰਗ ਵਿੱਚ ਹੇਠ ਅਨੁਸਾਰ ਪ੍ਰਵਾਨਗੀ ਦਿੱਤੀ ਗਈ ਹੈ:-

> "ਸਥਾਨਕ ਸਰਕਾਰ ਵਿਭਾਗ ਵੱਲੋਂ ਫਾਇਰਮੈਨ ਦਾ ਤਨਖਾਹ ਸਕੇਲ ਡਰਾਈਵਰ ਦੇ ਬਰਾਬਰ ਕਰ ਦਿੱਤਾ ਜਾਵੇਗਾ। ਇਹ ਫੈਸਲਾ 1 ਦਸੰਬਰ, 2011 ਤੋਂ ਲਾਗੂ ਹੋਵੇਗਾ।"

3. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੰਤਰੀ ਪ੍ਰੀਸਦ ਦੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਤੋਂ ਵਿੱਤ ਵਿਭਾਗ ਅਤੇ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸਾਖਾ) ਨੂੰ ਸੂਚਿਤ ਕੀਤਾ ਜਾਵੇ।

ਅਧੀਨ ਸਕੱਤਰ ਵਿੱਤ

ਸੇਵਾ ਵਿਖੇ,

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਅੰ:ਵਿ:ਪੱ:ਨੰ: 7/104/2011-5ਵਿਪ੍1/ 1102 ਮਿਤੀ, ਚੰਡੀਗੜ੍ਹ: 15 ਦਸੰਬਰ, 2011

ਇਸ ਦਾ ਇੱਕ ਉਤਾਰਾ ਸੁਪਰਡੰਟ ਵਿੱਤ ਖਰਚਾ-6 ਸਾਖਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸੁਪਰਡੰਟ ਵਿੱਤ ਖਰਚਾ-6 ਸਾਖਾ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਅੰ:ਵਿ:ਪੱ:ਨੰ: 7/104/2011-5ਵਿਪ੍1/ 1103 ਮਿਤੀ, ਚੰਡੀਗੜ੍ਹ: 15 ਦਸੰਬਰ, 2011

ਇਸ ਦਾ ਇੱਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸਾਖਾ ਨੂੰ ਉਨ੍ਹਾਂ ਦੇ ਅੰ:ਵਿ:ਪੱ:ਨੰ: 1/305/2011-1ਕੈਬਨਿਟ/8581, ਮਿਤੀ 12 ਦਸੰਬਰ, 2011 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ,
ਆਮ ਰਾਜ ਪ੍ਰਬੰਧ ਵਿਭਾਗ,
(ਮੰਤਰੀ ਮੰਡਲ ਮਾਮਲੇ ਸਾਖਾ)।

ਅੰ:ਵਿ:ਪੱ:ਨੰ: 7/104/2011-5ਵਿਪ੍1/ 1104 ਮਿਤੀ, ਚੰਡੀਗੜ੍ਹ: 15 ਦਸੰਬਰ, 2011